# ਪੰਜਾਬ, ਸਮਗਰਾ ਸਿੱਖਿਆ ਅਭਿਆਨ, ਮੋਹਾਲੀ

**ਪੰਜਾਬ ਸਕੂਲ ਸਿੱਖਿਆ ਬੋਰਡ, ਬਲਾਕ-ਈ, ਫੇਜ਼-8, ਐਸ.ਏ.ਐਸ. ਨਗਰ**

ਵੱਲ

ਸਮੂਹ ਜ਼ਿਲਾ ਸਿੱਖਿਆ ਅਫਸਰ (ਐ.ਸਿ.)
ਪੰਜਾਬ।

ਪੱਤਰ ਨੰ:-ਸਸਅ/ਵਿੱਤ/2021-22/202116520 ਮਿਤੀ:- 24/05/2021

**ਵਿਸ਼ਾ:-** **ਅਣਵਰਤੇ ਫੰਡਜ਼ ਸਬੰਧੀ ।**

ਮੁੱਖ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਜ਼ਿਲਾ ਪੱਧਰ, ਡਾਇਟਾਂ, ਬਲਾਕ ਪੱਧਰ, ਹਾਸਟਲ ਅਤੇ ਸਕੂਲ ਪੱਧਰ ਤੇ ਵਿੱਤੀ ਸਾਲ 2019-20 ਅਤੇ ਉਸ ਤੋਂ ਪਹਿਲਾਂ ਦੇ ਵੀ ਸਮਗਰਾ ਸਿੱਖਿਆ ਸਕੀਮ (ਸਰਵ ਸਿੱਖਿਆ ਅਭਿਆਨ+ਰਾਸ਼ਟਰੀ ਮਾਧਿਮਕ ਸਿੱਖਿਆ ਸ਼ਕੀਮ) ਤੇ ਫੰਡਜ਼ ਅਣਵਰਤੇ ਪਏ ਹਨ। ਇਨਾਂ ਅਣਵਰਤੇ ਫੰਡਜ਼ ਨੂੰ 31-05-2021 ਤੱਕ ਵਿਆਜ਼ ਸਮੇਤ ਮੁੱਖ ਦਫਤਰ ਵਿਖੇ ਵਾਪਿਸ ਕੀਤਾ ਜਾਵੇ ਅਤੇ ਸਮਗਰਾ ਸਿੱਖਿਆ ਸਕੀਮ ਨੂੰ ਲਾਗੂ ਕਰਨ ਵਾਲੀ ਇਕਾਈਆਂ ਤੋਂ ਇਹ ਸਰਟੀਫਾਈ ਕਰਵਾਇਆ ਜਾਵੇ ਕਿ ਵਿੱਤੀ ਸਾਲ 2019-20 ਅਤੇ ਉਸ ਤੋਂ ਪਹਿਲਾਂ ਦੇ ਕੋਈ ਵੀ ਫੰਡਜ਼ ਅਣਵਰਤੇ ਨਹੀਂ ਹਨ। ਇਸ ਤੋਂ ਇਲਾਵਾ ਜੇਕਰ ਵਿੱਤੀ ਸਾਲ 2019-20 ਅਤੇ ਉਸ ਤੋਂ ਪਹਿਲਾਂ ਕਿਸੇ ਵੀ ਗਤੀਵਿਧੀ ਅਧੀਨ ਅਡਵਾਂਸ ਬਕਾਇਆ ਹਨ ਤਾਂ ਉਸ ਸਬੰਧੀ ਮੁੱਖ ਦਫਤਰ ਦੇ ਸਬੰਧਤ ਕੰਪੋਨੈਂਟ ਮੁੱਖੀ ਨਾਲ ਰਾਬਤਾ ਕਾਇਮ ਕਰਕੇ ਉਸ ਅਡਵਾਂਸ ਦੀ ਰਾਸ਼ੀ ਨੂੰ ਅਡਜਸਟ ਕਰਵਾਇਆ ਜਾਵੇ।

ਜੇਕਰ ਆਪ ਅਤੇ ਆਪ ਅਧੀਨ ਆਉਂਦੇ ਦਫਤਰ/ਸਕੂਲਾਂ ਵਿੱਚ ਕਿਸੇ ਵੀ ਗਤੀਵਿਧੀ ਅਧੀਨ ਅਣਵਰਤੀ ਰਾਸ਼ੀ ਜਾਂ ਅਡਵਾਂਸ ਅਡਜਸਟ ਨਹੀਂ ਕਰਵਾਏ ਗਏ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਡੀ.ਡੀ.ਓ ਦੀ ਹੋਵੇਗੀ।

ਸਹਾਇਕ ਕੰਟਰੋਲਰ (ਵਿਤ ਤੇ ਲੇਖਾ)

ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਜਿਲ੍ਹਾ ਮਾਨਸਾ ਕਮ
ਜਿਲ੍ਹਾ ਪ੍ਰੋਜੈਕਟ ਡਾਇਰੈਕਟਰ, ਸਮੱਗਰਾ ਸਿੱਖਿਆ ਅਭਿਆਨ ਮਾਨਸਾ

ਪਿੱਠ ਅੰਕਣ ਨੰ:ਸਸਅ/2021-22/202116978 ਮਿਤੀ:25.05.2021

ਉੱਕਤ ਦਾ ਉਤਾਰਾ ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,ਜਿਲ੍ਹਾ ਮਾਨਸਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਵਿੱਤੀ ਸਾਲ 2019-20 ਤੱਕ ਦੇ ਸਸਅ ਅਤੇ ਰਮਸਾ ਦੇ ਅਣਵਰਤੇ ਫੰਡਜ਼ ਸਮੇਤ ਵਿਆਜ ਮਿਤੀ 28.05.2021 ਤੱਕ ਇਸ ਦਫਤਰ ਨੂੰ ਵਾਪਿਸ ਕੀਤੇ ਜਾਣ ਤਾਂ ਜੋ ਮੁੱਖ ਦਫਤਰ ਨੂੰ ਸਮੇਂ ਸਿਰ ਫੰਡਜ਼ ਵਾਪਿਸ ਕੀਤੇ ਜਾ ਸਕਣ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਐ.ਸਿ)
ਮਾਨਸਾ।